(i) Printed Pages : 3

(ii) Questions : 6

Roll No. ...............................

Sub. Code : | 0 | 9 | 6 | 6 |

Exam. Code : | 0 | 0 | 3 | 4 |

**B.Sc. (Hons.) Biotechnology 2nd Semester**

**(2054)**

**PUNJABI**

**(Same for Bioinformatics & B.Sc. (Agriculture) 2nd Sem.)**

**Paper—BIOT-Sem-II-II-T (A)**

**Time Allowed : Three Hours]** **[Maximum Marks : 45**

**ਨੋਟ :-** ਸ਼ਬਦ ਜੋੜਾਂ ਦੀ ਸ਼ੁੱਧਤਾ ਦਾ ਧਿਆਨ ਰੱਖੋ ਅਤੇ ਪੜ੍ਹਨਯੋਗ ਸਾਫ਼ ਲਿਖਾਈ ਵਿੱਚ ਲਿਖੋ।

1. ਹੇਠ ਲਿਖੇ ਕਿਸੇ **ਇੱਕ** ਭਾਗ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ :

(ੳ) ਉਸ ਇੱਕ ਦਿਨ ਜਮਾਦਾਰ ਨੂੰ ਸੱਦਿਆ ਤੇ ਕਿਹਾ, "ਸਰਦਾਰ, ਤੂੰ ਮੇਰਾ ਭਾਈ ਹੈ। ਮੈਨੂੰ ਪਤਾ ਹੈ ਤੈਨੂੰ ਤੰਗੀ ਹੈ। ਮੈਂ ਤੇਰੀ ਮਦਦ ਕਰਨੀ ਚਾਹੁੰਦਾ ਹਾਂ ਤੇ ਨਾਂਹ ਨਾ ਕਰੀਂ।"

**ਜਾਂ**

(ਅ) "ਉਹ ਗ਼ਰੀਬ ਏ, ਪੈਸੇ ਡਿਗ ਵੀ ਪੈਂਦੇ ਨੇ। ਬੱਚੇ ਰੋਜ਼ ਰੁਪਇਆ ਦੋ ਰੁਪਏ ਖ਼ਰਚ ਦੇਂਦੇ ਨੇ। ਕਿੰਨੇ ਪੈਸੇ ਐਵੇਂ ਰੋਹੜ ਛੱਡੀਦੇ ਨੇ।" ਉਹ ਰਿਕਸ਼ੇ ਵਾਲੇ ਦੀ ਵਕੀਲ ਬਣੀ ਬੈਠੀ ਸੀ। ਹਮਦਰਦੀ ਨਾਲ ਜਾਂ ਡਰ ਨਾਲ। ਉਂਞ ਉਹਦੀ ਗੱਲ ਠੀਕ ਸੀ। ਮੈਂ ਰੋਜ਼ ਤਿੰਨ-ਢਾਈ ਰੁਪਏ ਦੀਆਂ ਸਿਗਰਟਾਂ ਪੀਂਦਾ ਹਾਂ। ਮਹੀਨੇ 'ਚ ਦੋ-ਤਿੰਨ ਵਾਰ ਸਿਨਮਾ ਵੇਖਦਾ ਹਾਂ। 5

2. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ **ਇੱਕ** ਦਾ ਵਿਸ਼ਾ ਦੱਸਕੇ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

(ੳ) ਉਜਾੜ

(ਅ) ਦਲਦਲ। 3+5=8

3. ਕੋਈ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਉ :

(ੳ) ਟਿੱਕੇ ਖਾਨ ਪੰਖੇਰੂਆਂ ਤੇ ਜਾਨਵਰਾਂ ਨੂੰ ਆਪਣੇ 'ਸੰਗੀ-ਸਾਥੀ' ਕਿਉਂ ਆਖਦਾ ਹੈ ?

(ਅ) ਗਫ਼ੂਰ ਛੋਟੀ ਕੁੜੀ ਨੂੰ ਚੁੱਕ ਕੇ ਕਿਉਂ ਲੈ ਗਿਆ ?

(ੲ) ਜਿਸ ਦਿਨ ਪਿਤਾ ਜੀ ਗੁਰਗਾਬੀ ਦੀ ਸਾਈ ਦੇ ਕੇ ਆਏ, ਉਸ ਦਿਨ ਕੀ ਵਾਪਰਿਆ ਸੀ ?

(ਸ) 'ਸਾਂਝੀ ਕੰਧ' ਬਣਾ ਲੈਣ ਦਾ ਫ਼ੈਸਲਾ ਕਿਵੇਂ ਅਤੇ ਕੀ ਹੋਇਆ ?

(ਹ) ਆਲਾ ਸਿੰਘ, ਟੱਪ ਹੇਠਾਂ, ਆਪਣੇ ਲੋਕਾਂ ਦਾ ਧਿਆਨ ਆਕਰਸ਼ਤ ਕਰਨ ਲਈ ਕੀ-ਕੀ ਯਤਨ ਕਰਦਾ ਹੈ ?

(ਕ) ਪਰਿਵਾਰ ਦਾ ਵੱਡਾ ਪੁੱਤਰ ਵੀ ਮਾਂ-ਪਿਉ ਦੀ ਚਿੰਤਾ ਵਿੱਚ ਕਿਵੇਂ ਸ਼ਾਮਲ ਹੁੰਦਾ ਹੈ ?

(ਖ) ਕਿਸ਼ਨੇ ਦੇ ਜੁਆਈ ਦੀ ਆਰਥਿਕ ਹਾਲਤ ਕਿਹੋ ਜਿਹੀ ਸੀ ? 5

4. ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਦੇਸ਼ ਵਿੱਚ ਵੱਧ ਰਹੀ ਬੇਰੁਜ਼ਗਾਰੀ ਦੀ ਸਮੱਸਿਆ ਬਾਰੇ ਇੱਕ ਪੱਤਰ ਲਿਖਕੇ ਆਪਣੇ ਵਿਚਾਰਾਂ ਤੋਂ ਜਾਣੂ ਕਰਵਾਉ।

**ਜਾਂ**

ਆਪਣੇ ਇਲਾਕੇ ਦੇ ਸਿਹਤ ਮੰਤਰੀ ਨੂੰ ਆਪਣੇ ਮੁਹੱਲੇ ਦੀ ਸਰਕਾਰੀ ਡਿਸਪੈਂਸਰੀ ਦੀਆਂ ਸੇਵਾਵਾਂ ਵਿੱਚ ਲੋੜੀਂਦੇ ਸੁਧਾਰਾਂ ਬਾਰੇ ਸੁਝਾਅ ਦਿਉ। 7

5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਵਿਸ਼ਰਾਮ ਚਿੰਨ੍ਹ ਲਗਾਉ :

ਸਮਝ ਗਿਆ ਸਮਝ ਗਿਆ। ਡਾਕਟਰ ਨੇ ਕਿਹਾ ਤੁਹਾਡੇ ਅੰਦਰ ਵਿਟਾਮਿਨ ਬੀ ਦੀ ਕਮੀ ਹੈ। ਤੁਸੀਂ ਬੀ ਕੈਪਲੈਕਸ ਦੀਆਂ ਗੋਲੀਆਂ ਖਾਓ।

(ਅ) ਹੇਠ ਲਿਖੇ ਵਾਕਾਂ ਨੂੰ ਸੋਧਕੇ ਲਿਖੋ :

(1) ਗੁਰੂ ਤੇ ਚੇਲਾ ਇਕੋ ਤਕੜੀ ਦੇ ਚਟ-ਬਟ ਹੈ।

(2) ਕਵਿ ਨੇ ਅਪਨੀ ਕਵੀਤਾ ਦਾ ਪਾਠ ਪੜਿਆ।

(3) ਮੁੰਡੇ ਦੇ ਦੋਸਤਾਂ ਨਾਲ ਕੱਬਡੀ ਖੇਡਿਆ।

(ੲ) ਕੋਈ **ਚਾਰ** ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ ਇਸ ਤਰ੍ਹਾਂ ਕਰੋ ਕਿ ਉਨ੍ਹਾਂ ਦੇ ਅਰਥ ਸਪੱਸ਼ਟ ਹੋ ਜਾਣ :

ਉਲਟੀ ਗੰਗਾ ਵਹਾਉਣੀ, ਉਲਟੇ ਸਾਹ ਭਰਨਾ, ਆਪਦੇ ਮੂੰਹ ਮੀਆਂ ਮਿੱਠੂ ਬਣਨਾ, ਇੱਕੋ ਰੱਸੇ ਫਾਹੇ ਦੇਣੇ, ਸੱਪਾਂ ਨੂੰ ਦੁੱਧ ਪਿਲਾਉਣਾ, ਹੱਥ ਉੱਤੇ ਹੱਥ ਧਰ ਕੇ ਬੈਠਣਾ, ਚੜ੍ਹ ਮੱਚਣਾ। 3+3+4=10

6. ਪ੍ਰੇਮ ਪ੍ਰਕਾਸ਼ ਦੇ ਜੀਵਨ ਤੇ ਪੰਜਾਬੀ ਸਾਹਿਤ ਵਿੱਚ ਉਨ੍ਹਾਂ ਦੇ ਯੋਗਦਾਨ ਬਾਰੇ ਤੁਸੀਂ ਕੀ ਜਾਣਦੇ ਹੋ ?

**ਜਾਂ**

ਗੁਲਜ਼ਾਰ ਸਿੰਘ ਸੰਧੂ ਦੇ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ, ਉਨ੍ਹਾਂ ਦੇ ਸਾਹਿਤ ਰਚਨਾ ਤੇ ਯੋਗਦਾਨ ਬਾਰੇ ਆਪਣੇ ਵਿਚਾਰ ਦਿਉ। 10